ਮਾਤਾ ਕੁੱਸ਼ਲਿਆ ਸਰਕਾਰੀ ਹਸਪਤਾਲ, ਪਟਿਆਲਾ
MATA KAUSHALYA GOVERNMENT HOSPITAL, PATIALA
ਦਫਤਰ: ਡਿਪਟੀ ਡਾਇਰੈਕਟਰ -ਕਮ- ਮੈਡੀਕਲ ਸੁਪਰਡੰਟ
O/o. Deputy Director -cum- Medical Superintendent

ਟੈਲੀਫੈਕਸ/TeleFax: +91 175 22 22 481
ਈਮੇਲ/eMail: mkhpatiala@gmail.com

ਹਵਾਲਾ ਨੰ/Ref. No: MKH/PTL/________
ਮਿਤੀ/Date: ________

ਸਾਇਕਲ/ਸਕੂਟਰ/ਕਾਰ ਸਟੈਂਡ ਨੂੰ ਇੱਕ ਸਾਲ ਦੇ ਠੇਕੇ ਤੇ ਦੇਣ ਸਬੰਧੀ ਨਿਯਮ ਅਤੇ ਸ਼ਰਤਾ।

**ਟੈਂਡਰ ਦੀ ਮਿਤੀ 27/06/2024 ਨੂੰ ਦੁਪਹਿਰ 2.00 ਵਜੇ ਖੋਲੇ ਜਾਣਗੇ।**

1. ਸਾਇਕਲ/ਸਕੂਟਰ/ਕਾਰ ਸਟੈਂਡ ਇੱਕ ਸਾਲ ਲਈ ਹੇਠ ਲਿਖਿਆ ਸ਼ਰਤਾਂ ਤੇ ਮਿਤੀ 01/07/2024 ਤੋਂ 30-06-2025 ਤੱਕ ਦਿੱਤਾ ਜਾਵੇਗਾ। ਜੇਕਰ ਸਰਕਾਰ ਵੱਲੋਂ ਨਵੀਆਂ ਹਦਾਇਤਾ ਪ੍ਰਾਪਤ ਹੋ ਜਾਂਦੀਆਂ ਹਨ ਤਾਂ ਉਹ ਵੀ ਲਾਗੂ ਅਤੇ ਮੰਨਣਯੋਗ ਹੋਣਗੀਆ।
2. ਹਰ ਇੱਕ ਟੈਂਡਰ ਦੇਣ ਵਾਲੇ ਨੂੰ 50,000/- ਰੁਪਏ ਬਤੌਰ ਅਰਨੈਸਟ ਮਨੀ ਡਰਾਫਟ ਦੀ ਸਕਲ ਵਿੱਚ ਮਾਤਾ ਕੁਸ਼ੱਲਿਆ ਸਰਕਾਰੀ ਹਸਪਤਾਲ ਵਿਖੇ ਜਮ੍ਹਾ ਕਰਵਾਉਣੀ ਹੋਵੇਗੀ। ਟੈਂਡਰ ਦੀ ਰਕਮ **18,11,491/-** ਰੁਪਏ ਤੋਂ ਘੱਟ ਨਹੀ ਹੋਣੀ ਚਾਹੀਦੀ। ਟੈਂਡਰ ਸਭ ਤੋਂ ਵੱਧ ਰੇਟ ਦੇਣ ਵਾਲੇ ਵਿਅਕਤੀ ਨੂੰ ਠੇਕਾ ਦਿੱਤਾ ਜਾਵੇਗਾ। ਕਾਮਯਾਬ ਟੈਂਡਰ ਕਰਤਾ ਨੂੰ ਇੱਕ ਸਾਲ ਦੀ ਰਕਮ ਦਾ 25%+ ਸਿਕਉਰਿਟੀ ਜੋ ਕਿ ਟੈਂਡਰ ਦੀ ਰਕਮ ਦਾ 25% ਮੋਕੇ ਤੇ ਹੀ ਜਮ੍ਹਾ ਕਰਵਾਉਣਾ ਹੋਵੇਗਾ।
3. ਠੇਕੇ ਦੀ ਬਾਕੀ ਰਕਮ ਤਿੰਨ ਬਰਾਬਰ ਕਿਸ਼ਤਾਂ ਵਿੱਚ (25%) ਪਹਿਲੀ ਕਿਸਤ ਜਮ੍ਹਾਂ ਕਰਵਾਉਣ ਦੇ ਹਰ ਤਿੰਨੇ ਮਹੀਨੇ ਬਾਅਦ ਜਮ੍ਹਾ ਕਰਵਾਉਣੀ ਪਵੇਗੀ। ਜੇਕਰ ਕਿਸਤ ਤਿੰਨ ਮਹੀਨੇ ਦਾ ਸਮਾਂ ਪੂਰਾ ਹੋਣ ਤੇ 15 ਦਿਨ੍ਹਾਂ ਦੇ ਅੰਦਰ-ਅੰਦਰ ਜਮ੍ਹਾਂ ਨਾ ਕਰਵਾਈ ਗਈ ਤਾਂ ਠੇਕਾ ਰੱਦ ਕਰ ਦਿੱਤਾ ਜਾਵੇਗਾ ਅਤੇ ਸਕਿਉਰਟਰੀ ਜਬਤ ਕਰਨ ਦਾ ਅਧਿਕਾਰ ਮੈਡੀਕਲ ਸੁਪਰਡੈਂਟ ਮਾਤਾ ਕੁਸ਼ੱਲਿਆ ਸਰਕਾਰੀ ਹਸਪਤਾਲ ਪਟਿਆਲਾ ਨੂੰ ਹੋਵੇਗਾ।
4. ਸਭ ਤੋਂ ਵੱਧ ਟੈਂਡਰ ਕਰਨ ਵਾਲੇ ਵਿਅਕਤੀ ਦੇ ਨਾਮ ਤੇ ਟੈਂਡਰ ਪ੍ਰਵਾਨ ਕੀਤਾ ਜਾਵੇਗਾ। ਜਮਾਨਤ ਦੀ 25% ਰਕਮ ਠੇਕੇ ਦੀ ਰਕਮ ਵਿੱਚ ਅਡਜੈਸਟ ਨਹੀਂ ਕੀਤੀ ਜਾਵੇਗੀ। ਇਹ ਰਕਮ ਇਕ ਸਾਲ ਦਾ ਠੇਕਾ ਖਤਮ ਹੋਣ ਉਪਰੰਤ ਵਾਪਸ ਕਰਨ ਯੋਗ ਹੋਵੇਗੀ। ਜੇਕਰ ਠੇਕੇਦਾਰ ਮੌਕੇ ਤੇ ਹੀ ਠੇਕੇ ਦਾ 25% ਸਕਿਊਰਟੀ ਜਮ੍ਹਾਂ ਨਹੀਂ ਕਰਵਾਉਂਦਾ ਤਾ ਉਸ ਦੀ ਜਮਾਨਤ ਦੀ ਰਕਮ ਜਬਤ ਕੀਤੀ ਜਾਵੇਗੀ, ਠੇਕਾ ਉਸ ਤੋਂ ਘੱਟ ਟੈਂਡਰ ਦੇਣ ਵਾਲੇ ਵਿਅਕਤੀ ਨੂੰ ਦਿੱਤਾ ਜਾਵੇਗਾ। ਜੇਕਰ ਦੂਸਰਾ ਟੈਂਡਰ ਕਰਤਾ ਬਣਦੀ ਰਕਮ ਜਮ੍ਹਾਂ ਨਹੀਂ ਕਰਵਾਦਾਂ ਤਾ ਉਸ ਦੀ ਜਮਾਨਤ ਵੀ ਜਬਤ ਕਰ ਲਈ ਜਾਵੇਗੀ ਅਤੇ ਠੇਕਾ ਉਸ ਤੋਂ ਘੱਟ ਟੈਂਡਰ ਦੇਣ ਵਾਲੇ ਵਿਅਕਤੀ ਨੂੰ ਦਿੱਤਾ ਜਾਵੇਗਾ।
5. ਮੈਡੀਕਲ ਸੁਪਰਡੈਂਟ ਮਾਤਾ ਕੁਸ਼ੱਲਿਆ ਸਰਕਾਰੀ ਹਸਪਤਾਲ ਪਟਿਆਲਾ ਨੂੰ ਇਹ ਵੀ ਅਧਿਕਾਰ ਹੋਣਗੇ ਕਿ ਉਸ ਬਿਨਾਂ ਕਿਸੇ ਕਾਰਨ ਠੇਕਾ ਰੱਦ ਕਰ ਸਕਦੇ ਹਨ।
6. ਠੇਕੇਦਾਰ ਵੱਲੋਂ ਠੇਕੇ ਵਾਲੀ ਥਾਂ ਤੇ ਕੋਈ ਉਸਾਰੀ/ਅਡੀਸ਼ਨਲ ਨਹੀਂ ਕੀਤੀ ਜਾਵੇਗੀ। ਜਗਾਂ ਦੀ ਸਫਾਈ ਯਕੀਨੀ ਬਣਾਉਣੀ ਪਵੇਗੀ।
7. ਠੇਕੇ ਦੀ ਮਿਆਦ ਪੂਰੀ ਹੋਣ ਉਪਰੰਤ ਕਬਜ਼ਾ ਤੁਰੰਤ ਵਾਪਿਸ ਕਰਨਾ ਪਵੇਗਾ।
8. ਸਾਇਕਲ ਸਟੈਂਡ ਦਾ ਠੇਕੇਦਾਰ ਪਬਲਿਕ ਤੋਂ ਹੇਠ ਲਿਖੇ ਅਨੁਸਾਰ ਕਿਰਾਇਆ ਵਸੂਲ ਕਰੇਗਾ

   ਸਾਇਕਲ- ਫਰੀ

   ਸਕੂਟਰ/ਮੋਟਰ ਸਾਇਕਲ -10/- ਰੁਪਏ

   ਕਾਰ/ਜੀਪ ਆਦਿ -20/- ਰੁਪਏ

ਮਾਤਾ ਕੁਸ਼ੱਲਿਆ ਸਰਕਾਰੀ ਹਸਪਤਾਲ, ਪਟਿਆਲਾ ਦੇ ਅਧਿਕਾਰੀਆਂ/ਕਰਮਚਾਰੀਆਂ ਤੋਂ ਸਾਇਕਲ/ਸਕੂਟਰ/ਕਾਰ ਸਟੈਂਡ ਤੇ ਰੱਖਣ ਤੇ ਕੋਈ ਪੈਸੇ ਵਸੂਲ ਨਹੀ ਕਰੇਗਾ। ਦੂਜੇ ਸਰਕਾਰੀ ਦਫਤਰਾਂ ਤੋਂ ਅਧਿਕਾਰੀ/ਕਰਮਚਾਰੀ/ਸੇਵਾਦਾਰ ਜਿਹੜੇ ਕਿ ਹਸਪਤਾਲ ਵਿੱਚ ਸਕਰਾਰੀ ਕੰਮ ਲਈ ਆਉਦੇ ਹਨ ਉਨ੍ਹਾਂ ਤੋਂ ਵੀ ਸਾਇਕਲ/ਸਕੂਟਰ/ਕਾਰ ਸਟੈਂਡ ਤੇ ਰੱਖਣ ਦੇ ਕੋਈ ਵੀ ਪੈਸੇ ਠੇਕੇਦਾਰ ਵੱਲੋਂ ਨਹੀ ਲਿੱਤੇ ਜਾਣਗੇ। ਠੇਕੇਦਾਰ ਮਾਤਾ ਕੁਸ਼ੱਲਿਆ ਸਰਕਾਰੀ ਹਸਪਤਾਲ, ਪਟਿਆਲਾ ਦੇ ਅਧਿਕਾਰੀਆਂ/ ਕਰਮਚਾਰੀਆਂ ਦੇ ਸਾਇਕਲ/ਸਕੂਟਰ/ ਕਾਰ ਤੇ ਆਪਣੇ ਨਿਸ਼ਾਨ ਲਗਾ ਸਕਦਾ ਹੈ ਜਾਂ ਟੋਕਨ ਦੇ ਸਕਦਾ ਹੈ।

10. ਜਿਹਨਾ ਵਿਅਕਤੀਆਂ ਵੱਲੋਂ ਪਹਿਲਾ ਕਿਸੇ ਵੀ ਕਿਸਮ ਦੇ ਠੇਕੇ ਦੀ ਰਕਮ ਬਾਕੀ ਹੈ ਜਾਂ ਹੋਰ ਕੋਈ ਕਾਰਣ ਕਰਕੇ ਵਿਅਕਤੀ ਟੈਂਡਰ ਦੇਣ ਦੇ ਯੋਗ ਨਾ ਸਮਝਿਆ ਜਾਵੇ ਅਤੇ ਕਿਸੇ ਕਾਰਨ ਉਸਦਾ ਠੇਕਾ ਰੱਦ ਕੀਤਾ ਗਿਆ ਹੋਵੇ ਉਸ ਨੂੰ ਟੈਂਡਰ ਦੇਣ ਦੀ ਆਗਿਆ ਨਹੀਂ ਦਿੱਤੀ ਜਾਵੇਗੀ।

11. ਠੇਕੇਦਾਰ ਨੂੰ ਦੂਜੇ ਵਿਅਕਤੀ ਦੇ ਨਾਮ ਤੇ ਠੇਕਾ ਸਬ-ਲੈਟ ਕਰਨ ਦਾ ਕੋਈ ਅਧਿਕਾਰ ਨਹੀ ਹੋਵੇਗਾ ਅਤੇ ਨਾ ਹੀ ਕਿਸੇ ਨੂੰ ਠੇਕੇ ਵਿੱਚ ਹਿੱਸਾਦਾਰ ਬਣਾਏਗਾ। ਜਿਹਨਾ ਵਿਅਕਤੀਆਂ ਵੱਲ ਠੇਕੇ ਦੀ ਕੋਈ ਰਕਮ ਬਾਕੀ ਹੈ, ਠੇਕੇਦਾਰ ਉਹਨਾਂ ਨੂੰ ਆਪਣੇ ਪਾਸ ਨੋਕਰ ਨਹੀਂ ਰੱਖੇਗਾ।

12. ਠੇਕੇਦਾਰ ਸਾਇਕਲ/ਸਕੂਟਰ/ਕਾਰ/ਰੱਖਣ ਲਈ ਮਾਲਕ ਨੂੰ ਟੋਕਨ/ ਕੂਪਨ ਦੇਵੇਗਾ ਜਿਸ ਤੇ ਉਪਰੋਕਤ ( ਕਾਲ ਨੰ-8) ਸਬੰਧੀ ਰੇਟ ਲਿਖੇ ਹੋਣਗੇ। ਜੇਕਰ ਠੇਕੇਦਾਰ ਵੱਲੋਂ ਬਿਨ੍ਹਾਂ ਰੇਟਾਂ ਤੋਂ ਜਾਰੀ ਕੀਤੀ ਗਏ ਕੂਪਨ/ ਟੋਕਨ ਪਾਏ ਗਏ ਤਾਂ ਮੈਡੀਕਲ ਸੁਪਰਡੈਂਟ ਮਾਤਾ ਕੁਸ਼ੱਲਿਆ ਸਰਕਾਰੀ ਹਸਪਤਾਲ ਪਟਿਆਲਾ ਵੱਲੋਂ 500/- ਰੁਪਏ ਜੁਰਮਾਨਾ ਕੀਤਾ ਜਾਵੇਗਾ। ਅਤੇ ਜੇਕਰ ਇਹ ਜੁਰਮਾਨਾ 3 ਵਾਰ ਕੀਤਾ ਗਿਆ ਤਾਂ ਸਾਇਕਲ ਸਟੈਂਡ ਦਾ ਠੇਕਾ ਰੱਦ ਕੀਤਾ ਜਾ ਸਕਦਾ ਹੈ। ਜਿਸਦੀ ਸਾਰੀ ਜਿੰਮੇਵਾਰੀ ਸਾਇਕਲ ਸਟੈਂਡ ਦੇ ਠੇਕੇਦਾਰ ਦੀ ਹੋਵੇਗੀ ਅਤੇ ਉਹ ਕਿਸੇ ਵੀ ਕੋਰਟ ਵਿੱਚ ਵੀ ਉੱਜਰ ਨਹੀ ਕਰ ਸਕੇਗਾ, ਅਤੇ ਮੈਡੀਕਲ ਸੁਪਰਡੈਂਟ ਮਾਤਾ ਕੁਸ਼ੱਲਿਆ ਸਰਕਾਰੀ ਹਸਪਤਾਲ ਪਟਿਆਲਾ ਨੂੰ ਠੇਕਾ ਰੱਦ ਕਰਨ ਦਾ ਪੂਰਾ ਅਧਿਕਾਰ ਹੋਵੇਗਾ। ਕੂਪਨ ਦਾ ਨਸੂਨਾ ਅਤੇ ਪਾਰਕਿੰਗ ਦੀ ਸਲਿੱਪ ਮੈਡੀਕਲ ਸੁਪਰਡੈਂਟ ਮਾਤਾ ਕੁਸ਼ੱਲਿਆ ਸਰਕਾਰੀ ਹਸਪਤਾਲ ਪਟਿਆਲਾ ਤੋਂ ਅਪਰੂਵਡ ਕਰਵਾਕੇ ਛਪਵਾਵੇਗਾ।

13. ਠੇਕੇਦਾਰ ਵੱਲੋਂ ਸਾਇਕਲ ਸਟੈਂਡ ਤੇ ਰੱਖੇ ਕਰਮਚਾਰੀਆਂ ਦੀ ਪਹਿਚਾਣ ਪੱਤਰ ਇਸ ਦਫਤਰ ਵਿਖੇ ਜਮ੍ਹਾਂ ਕਰਵਾਏ ਜਾਣ ਅਤੇ ਰੱਖੇ ਗਏ ਕਰਮਚਾਰੀਆਂ ਦੀ ਸਾਰੀ ਜਿੰਮੇਵਾਰੀ ਠੇਕੇਦਾਰ ਦੀ ਆਪਣੀ ਹੋਵੇਗੀ ਅਤੇ ਯਕੀਨ ਦਿਵਾਵੇਗਾ ਕਿ ਉਸ ਵੱਲੋਂ ਰੱਖੇ ਕਰਮਚਾਰੀਆਂ ਵੱਲੋਂ ਕਿਸੇ ਆਮ ਜਨਤਾ ਨਾਲ ਭੈੜਾ ਸਲੂਕ ਨਹੀਂ ਕੀਤਾ ਜਾਵੇਗਾ। ਸ਼ਰਤਾ ਦੀ ਪਾਲਣਾ ਨਾ ਕਰਨ ਤੇ ਠੇਕਾ ਰਿੱਦ ਕੀਤਾ ਜਾ ਸਕਦਾ ਹੈ।

14. ਠੇਕੇਦਾਰ ਸਟੈਂਡ ਤੇ ਇੱਕ ਪੰਪ ਹਵਾਲ ਭਰਨ ਲਈ ਠੀਕ ਹਾਲਤ ਵਿੱਚ ਰੱਖਣ ਦਾ ਪ੍ਰਬੰਧ ਕਰੇਗਾ।

15. ਮਾਤਾ ਕੁਸ਼ੱਲਿਆ ਸਰਕਾਰੀ ਹਸਪਤਾਲ, ਪਟਿਆਲਾ ਦਾ ਸਮਾਂ ਸਵੇਰੇ 05:00 ਵਜੇ ਤੋਂ ਰਾਤ 10:00 ਵਜੇ ਤੱਕ ਦਾ ਹੋਵੇਗਾ।

16. ਪਰਚੀ/ ਕੂਪਨ ਵਾਲੇ ਸਾਇਕਲ/ਸਕੂਟਰ/ਕਾਰ ਜੀਪਾਂ ਜੇਕਰ ਚੋਰੀ ਹੁੰਦੇ ਹਨ ਤਾਂ ਸਾਇਕਲ ਸਟੈਂਡ ਪਾਰਕਿੰਗ ਦਾ ਠੇਕਾ ਪ੍ਰਾਪਤ ਕਰਨ ਵਾਲੇ ਠੇਕੇਦਾਰ ਦੀ ਨਿੱਜੀ ਜਿੰਮੇਵਾਰੀ ਹੋਵੇਗੀ ਅਤੇ ਉਸ ਦੀ ਭਰਪਾਈ ਠੇਕਾਦਾਰ ਵੱਲੋਂ ਕੀਤੀ ਜਾਵੇਗੀ।

17. ਬਿਨ੍ਹਾਂ ਕੋਈ ਕਾਰਨ ਦੱਸੇ ਮੈਡੀਕਲ ਸੁਪਰਡੈਂਟ ਮਾਤਾ ਕੁਸ਼ੱਲਿਆ ਸਰਕਾਰੀ ਹਸਪਤਾਲ ਪਟਿਆਲਾ ਨੂੰ ਕੋਈ ਵੀ ਟੈਂਡਰ ਮੰਜੂਰ ਕਰਨ ਦਾ ਪੂਰਾ ਅਧਿਕਾਰ ਹੋਵੇਗਾ। ਠੇਕੇਦਾਰ ਆਪਣਾ ਪੈਨ ਕਾਰਡ ਅਤੇ ਆਧਾਰ ਕਾਰਡ ਦਫਤਰ ਵਿਖੇ ਜਮ੍ਹਾ ਕਰਵਾਏਗਾ।

ਮੈਂ ਉਪਰੋਕਤ ਸ਼ਰਤਾ ਲਈ ਪਾਲਣਾ ਕਰਨ ਦਾ ਪਾਬੰਦ ਰਹਾਂਗਾ। ਜੇਕਰ ਇਨ੍ਹਾਂ ਸ਼ਰਤਾਂ ਦੀ ਮੇਰੇ ਵੱਲੋਂ ਉਲੰਘਣਾ ਕੀਤੀ ਤਾਂ ਮੇਰਾ ਸਾਇਕਲ/ਸਕੂਟਰ/ਕਾਰ ਸਟੈਂਡ ਦਾ ਠੇਕਾ ਰੱਦ ਹੋਣ ਤੇਂ ਕੋਈ ਵੀ ਉਜਰ ਕਰਨ/ਕੋਰਟ ਵਿੱਚ ਜਾਉਣ ਦਾ ਹੱਕਦਾਰ ਨਹੀਂ ਹੋਵਾਗਾ।

ਮੈਡੀਕਲ ਸੁਪਰਡੈਂਟ
ਮਾਤਾ ਕੁਸ਼ੱਲਿਆ ਸਰਕਾਰੀ ਹਸਪਤਾਲ
ਪਟਿਆਲਾ।